**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 7.384
Volume - 8, Issue - 3, March - 2025

DOIs:10.2018/SS/202503011 --:-- Research Paper / Article / Review

# ਦੇਸ਼ ਵੰਡ ਦੀਆਂ ਯਾਦਾਂ ਦਾ ਡਿਜੀਟਲੀਕਰਨ

## desh vand deeaan yaadaan daa dijeetleekaran

**ਡਾ. ਗੁਰਪ੍ਰੀਤ ਸਿੰਘ ਬੁੱਟਰ (Dr. Gurpreet Singh Buttar)**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ,**
**ਖ਼ਾਲਸਾ ਕਾਲਜ, ਅੰਮ੍ਰਿਤਸਰ।**
**E-mail- gopi.buttar88@gmail.com**

***ਸਾਰ* (Abstract):** *ਆਧੁਨਿਕ ਦੌਰ ਵਿਚ ਵੰਡ ਦੇ ਯਾਦਗਾਰੀ ਸਭਿਆਚਾਰ ਦਾ ਡਿਜੀਟਲੀਕਰਨ ਹੋ ਰਿਹਾ ਹੈ। ਡਿਜੀਟਲੀਕਰਨ ਪਲੇਟਫ਼ਾਰਮਾਂ ਵਿਚ ਯੂ-ਟਿਊਬ, ਫੇਸਬੁੱਕ, ਇਸਟਾਗ੍ਰਾਮ ਆਦਿ ਉੱਪਰ ਬਣੇ ਚੈਨਲ/ਪੇਜ ਪ੍ਰਮੁੱਖ ਹਨ ਜੋ ਵੰਡ ਨਾਲ ਜੁੜੀਆਂ ਨਿੱਜੀ ਅਤੇ ਸਮੂਹਿਕ ਯਾਦਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹਨ। ਡਿਜੀਟਲ ਮੀਡੀਆ ਦੇ ਸਰੋਤਾਂ ਨੇ ਕੇਵਲ ਵੰਡ ਦੀਆਂ ਯਾਦਾਂ ਨੂੰ ਵਿਸ਼ਵ ਸਾਹਮਣੇ ਪ੍ਰਸਤੁਤ ਹੀ ਨਹੀਂ ਕੀਤਾ ਸਗੋਂ ਯਾਦਾਂ ਦਾ ਇਕੱਠਾ ਕਰਕੇ ਸਾਂਭਿਆ ਵੀ ਹੈ। ਡਿਜੀਟਲ ਪਲੇਟਫ਼ਾਰਮ ਦੇ ਸਾਧਨਾਂ ਵਿਚ ਸਭ ਤੋਂ ਪਾਪੂਲਰ ਸਾਧਨ ਯੂ-ਟਿਊਬ ਹੈ, ਜਿਸ ਦੇ ਹੋਂਦ ਵਿਚ ਆਉਣ ਨਾਲ ਬਹੁਤ ਸਾਰੇ ਦਸਤਾਵੇਜ਼ ਡਿਜੀਟਲ ਤੌਰ ਤੇ ਪ੍ਰਸਾਰਿਤ ਵੀ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਵੀਡੀਓ ਜ਼ਰੀਏ ਸਾਂਭਿਆ ਵੀ ਜਾ ਰਿਹਾ ਹੈ। ਯੂ-ਟਿਊਬ ਆਉਣ ਦੇ ਨਾਲ ਇਕ ਬਹੁਤ ਪਾਪੂਲਰ ਕਿੱਤਾ ਵਲੋਗਿੰਗ ਵੀ ਹੋਂਦ ਵਿਚ ਆਉਂਦਾ ਹੈ ਵਲੋਗਿੰਗ ਵਿਚ ਵੰਡ ਨਾਲ ਜੁੜੀਆਂ ਯਾਦਾਂ, ਕਹਾਣੀਆਂ ਕੇਵਲ ਇਤਿਹਾਸਕ ਤੱਥ ਹੀ ਨਹੀਂ ਹਨ, ਸਗੋਂ ਉਨ੍ਹਾਂ ਲੋਕਾਂ ਦੇ ਜੀਵਨ ਦੇ ਅਹਿਮ ਅਨੁਭਵ ਹਨ, ਜੋ ਉਨ੍ਹਾਂ ਨੇ ਜਾਂ ਤਾਂ ਆਪ ਹੰਢਾਏ ਹਨ ਜਾਂ ਆਪਣੇ ਵਡੇਰਿਆਂ ਤੋਂ ਗ੍ਰਹਿਣ ਕੀਤੇ ਹਨ। ਭਾਰਤ-ਪਾਕਿਸਤਾਨ ਵੰਡ ਨਾਲ ਸੰਬੰਧਤ ਯਾਦਗਾਰੀ ਸਭਿਆਚਾਰ ਨੂੰ ਪ੍ਰਸਤੁਤ ਕਰਨ ਵਾਲੇ ਵਲੋਗਰਾਂ ਵਿਚ ਸਭ ਤੋਂ ਮਸ਼ਹੂਰ ਵਲੋਗਰ ਨਾਸਿਰ ਢਿੱਲੋਂ ਹੈ, ਜਿਸ ਨੇ ਯੂ-ਟਿਊਬ ਉੱਪਰ ਆਪਣਾ ਚੈਨਲ ਹੀ ਵੰਡ ਦੇ ਦੁਖਾਂਤ ਅਤੇ ਉਸ ਸਮੇਂ ਆਪਣਿਆਂ ਤੋਂ ਵਿੱਛੜੇ ਲੋਕਾਂ ਨੂੰ ਮਿਲਾਉਣ ਲਈ ਬਣਾਇਆ ਹੈ। ਉਹ ਆਪਣੇ ਚੈਨਲ ਦੀ ਵਾਲ ਤੇ ਆਪਣਾ ਮਕਸਦ ਲਿਖ ਕੇ ਸਪਸ਼ਟ ਕਰ ਦਿੰਦਾ ਹੈ ਉਸ ਦਾ ਮਕਸਦ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਵਿੱਛੜੇ ਹੋਏ ਲੋਕਾਂ ਨੂੰ ਆਪਣਿਆਂ ਨਾਲ ਮਿਲਾਉਣਾ ਹੈ। ਉਹ ਆਪਣੀ ਵਲੋਗਿੰਗ ਦੁਆਰਾ ਲਹਿੰਦੇ ਪੰਜਾਬ ਦੇ ਸਭਿਆਚਾਰ ਨੂੰ ਤਾਂ ਪ੍ਰਸਤੁਤ ਕਰ ਹੀ ਰਿਹਾ ਹੈ ਉੱਥੇ ਨਾਲ ਹੀ ਵੰਡ ਦੇ ਯਾਦਗਾਰੀ ਸਭਿਆਚਾਰ ਦਾ ਸੰਚੈ ਕਰਨ ਦੇ ਨਾਲ-ਨਾਲ ਉਸ ਦਾ ਵਿਸ਼ਵ ਪੱਧਰ ਉੱਪਰ ਪ੍ਰਸਾਰਨ ਵੀ ਕਰ ਰਿਹਾ ਹੈ। ਦੇਸ਼ ਵੰਡ ਦੇ ਦਰਦ/ਯਾਦਾਂ ਨੂੰ ਪੇਸ਼ ਕਰਦੇ ਢਿੱਲੋਂ ਦੇ ਵਲੋਗ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਵਿਚ ਸਮਾਜਕ ਅਤੇ ਸਭਿਆਚਾਰਕ ਸਾਂਝ ਦੁਬਾਰਾ ਤੋਂ ਪੈਦਾ ਕਰਨ ਵਿਚ ਸਹਾਇਕ ਹੋ ਰਹੀ ਹੈ।*

***ਕੀਵਰਡ*(Keyword): *ਦੇਸ਼ ਵੰਡ, ਯਾਦਗਾਰੀ ਸਭਿਆਚਾਰ, ਡਿਜੀਟਲੀਕਰਨ, ਵਲੋਗ, ਯੂ-ਟਿਊਬ, ਵਲੋਗਿੰਗ।***

## I

ਸੰਨ 1947 ਈ. ਦੇ ਬਟਵਾਰੇ ਨੇ ਕੇਵਲ ਹਿੰਦੁਸਤਾਨ ਵਾਸੀਆਂ ਲਈ ਹੀ ਸਗੋਂ ਸਮੁੱਚੇ ਏਸ਼ੀਆ ਵਿਚ ਅਹਿਮ ਅਤੇ ਦੁਖਦਾਈ ਘਟਨਾ ਸੀ। ਗੋਰਿਆਂ ਦੀ ਗ਼ੁਲਾਮੀ ਅਤੇ ਜ਼ੁਲਮ ਵਿਰੁੱਧ ਸੰਘਰਸ਼ ਕਰਦੇ ਹਿੰਦੁਸਤਾਨ ਵਾਸੀਆਂ ਨੂੰ ਆਜ਼ਾਦੀ ਵੀ ਬਟਵਾਰੇ ਦੇ ਰੂਪ ਵਿਚ ਮਿਲੀ। ਆਜ਼ਾਦੀ ਦਾ ਐਲਾਨ ਹੁੰਦਿਆਂ ਹੀ ਪੰਜਾਬੀਆਂ ਦੀ ਸਦੀਆਂ ਤੋਂ ਚੱਲੇ ਆ ਰਹੇ ਨਹੁ ਮਾਸ ਦੇ ਰਿਸ਼ਤਿਆਂ ਦੀ ਸਾਂਝ ਤਹਿਸ ਨਹਿਸ ਹੋ ਗਈ ਅਤੇ ਭਾਈਚਾਰੇ ਨਾਲ ਰਹਿੰਦੇ ਲੋਕਾਂ ਦਾ ਖ਼ੂਨ ਸਫ਼ੇਦ ਹੋ ਗਿਆ। 15 ਅਗਸਤ 1947 ਈ. ਦੇ ਦਿਨ ਜਦੋਂ ਭਾਰਤ ਦੀ ਆਜ਼ਾਦੀ ਦਾ ਐਲਾਨ ਬ੍ਰਿਟਿਸ਼ ਹਕੂਮਤ ਨੇ ਕੀਤਾ ਤਾਂ ਨਾਲ ਹੀ ਦੇਸ਼ ਨੂੰ ਧਰਮ ਦੇ ਆਧਾਰ ਉੱਪਰ ਦੋ ਹਿੱਸਿਆਂ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਦਿੱਤਾ। ਇਸ ਦੁਖਦਾਇਕ ਵੰਡ ਵਿਚ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕਾਂ ਲਈ

ਪਾਕਿਸਤਾਨ ਨਾਮਕ ਵੱਖਰਾ ਸਥਾਨ/ਦੇਸ਼ ਬਣਾ ਦਿੱਤਾ ਗਿਆ। ਭਾਰਤ ਵਾਸੀਆਂ ਲਈ ਇਕ ਪਾਸੇ ਆਜ਼ਾਦੀ ਦੀ ਖ਼ੁਸ਼ੀ ਸੀ ਦੂਜੇ ਪਾਸੇ ਵੰਡ ਦਾ ਦਰਦਨਾਕ ਅਤੇ ਨਾ ਭੁੱਲਣ ਵਾਲਾ ਅਨੁਭਵ ਵੀ ਸੀ। ਦੇਸ਼ ਵੰਡ ਕਾਰਨ ਜਿੱਥੇ ਲੋਕ ਧਰਮ/ਫ਼ਿਰਕੇ ਦੇ ਆਧਾਰ ਤੇ ਵੰਡੇ ਗਏ ਉੱਥੇ ਹੀ ਬਹੁਤ ਸਾਰੇ ਲੋਕਾਂ ਨੂੰ ਆਪਣਿਆਂ ਤੋਂ ਵਿੱਛੜਣ ਦਾ ਦਰਦ ਵੀ ਸਹਿਣਾ ਪਿਆ।

ਦੇਸ਼ ਵੰਡ ਇਤਿਹਾਸਕ ਤੌਰ ’ਤੇ ਸਮੁੱਚੇ ਦੱਖਣ-ਏਸ਼ੀਆ ਲਈ ਸਭ ਤੋਂ ਦਰਦਨਾਕ ਅਤੇ ਨਾ ਭੁੱਲਣ ਵਾਲੀ ਘਟਨਾ ਸੀ, ਜਿਸ ਦਾ ਦਰਦ ਅਤੇ ਯਾਦ ਰਹਿੰਦੀ ਦੁਨੀਆ ਤਕ ਲੋਕਾਂ ਦੇ ਦਿਲੋਂ ਦਿਮਾਗ਼ ਵਿਚ ਜੀਵਿਤ ਰਹੇਗਾ। ਸ਼ਾਤੀ ਅਤੇ ਭਾਈਚਾਰਕ ਸਾਂਝ ਵਿਚ ਰਹਿੰਦੇ ਲੋਕ ਧਰਮ ਦੇ ਆਧਾਰ ਅਤੇ ਸਵਾਰਥ ਹਿਤ ਇਕ ਦੂਜੇ ਦੇ ਦੁਸ਼ਮਣ ਬਣ ਗਏ ਅਤੇ ਆਪਣਿਆਂ ਦਾ ਹੀ ਖ਼ੂਨ ਡੋਲਣ ਲੱਗ ਪਏ। ਦੇਸ਼ ਵੰਡ ਕਾਰਨ ਵਾਪਰੇ ਦੁਖਾਂਤ ਵਿਚ ਲੱਖਾਂ ਲੋਕ ਕਤਲ, ਬੇਘਰ ਅਤੇ ਆਪਣਿਆਂ ਤੋਂ ਦੂਰ ਹੋ ਗਏ। ਮਹਿਲਾਵਾਂ ਦੀ ਵੀ ਵੰਡ ਦੇ ਦੁਖਾਂਤ ਵਿਚ ਬੇਪਤੀ ਹੋਈ ਅਤੇ ਉਨ੍ਹਾਂ ਦੇ ਬਲਾਤਕਾਰ ਤਕ ਹੋ ਗਏ। ਕਈਆਂ ਨੂੰ ਆਪਣੀ ਆਬਰੂ ਬਚਾਉਣ ਦੀ ਖ਼ਾਤਰ ਆਤਮ-ਹੱਤਿਆ ਕਰਨੀ ਪਈ ਅਤੇ ਬਹੁਤ ਸਾਰੀਆਂ ਹਵਸ ਦਾ ਸ਼ਿਕਾਰ ਬਣਾ ਕਤਲ ਕਰ ਦਿੱਤਾ ਗਿਆ। 1947ਈ. ਦੇ ਵਾਪਰੇ ਦੁਖਾਂਤ ਕਾਰਨ ਰੰਗਲੇ ਪੰਜਾਬ ਦੀ ਧਰਤੀ ਅਤੇ ਪੰਜ ਦਰਿਆਵਾਂ ਦਾ ਪਾਣੀ ਦਾ ਰੰਗ ਲਾਲ ਸੁਰਖ਼ ਹੋ ਗਿਆ ਅਤੇ ਪੰਜਾਬ ਵਾਸੀਆਂ ਦੇ ਖ਼ੂਨ ਦਾ ਰੰਗ ਸਫ਼ੇਦ ਹੋ ਗਿਆ ਸੀ। ਦੇਸ਼ ਵੰਡ ਦੀ ਘਟਨਾ ਬਾਬਤ ਅੰਮ੍ਰਿਤਾ-ਪ੍ਰੀਤਮ ਆਪਣੀ ਕਵਿਤਾ ‘ਅੱਜ ਆਖਾਂ ਵਾਰਸ ਸ਼ਾਹ’ ਨੂੰ ਵਿਚ ਵੰਡ ਦੇ ਦਰਦ ਅਤੇ ਪੰਜਾਬੀਆਂ ਦੀ ਟੁੱਟੀ ਭਾਈਚਾਰਕ ਸਾਂਝ ਨੂੰ ਪ੍ਰਸਤੁਤ ਕਰਦੀ ਲਿਖਦੀ ਹੈ:

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਰਲਾ
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਲਾ
..................................................[1]

ਹਿੰਦੁਸਤਾਨ ਦੀ ਵੰਡ ਦੀ ਘਟਨਾ ਇੰਨੀ ਦਰਦਨਾਕ ਸੀ ਕਿ ਇਸ ਦੌਰਾਨ ਵਾਪਰੇ ਕਤਲੇਆਮ ਵਿਚ ਤਕਰੀਬਨ 1.5 ਕਰੋੜ ਲੋਕ ਬੇਘਰ ਹੋਏ ਅਤੇ 10 ਲੱਖ ਦੇ ਕਰੀਬ ਲੋਕ ਮਾਰੇ ਗਏ ਸਨ। ਇਸ ਦੁਖਾਂਤਕ ਘਟਨਾਕ੍ਰਮ ਨਾਲ ਜੁੜੇ ਅਹਿਮ ਪਹਿਲੂਆਂ ਅਤੇ ਯਾਦਾਂ ਸੰਬੰਧੀ ਜਾਣਕਾਰੀ ਵੱਖ-ਵੱਖ ਦਸਤਾਵੇਜ਼ਾਂ, ਇਤਿਹਾਸਕ ਅਜਾਇਬ ਘਰਾਂ ਅਤੇ ਸਾਹਿਤਕ ਕਿਰਤਾਂ ਆਦਿ ਵਿਚੋਂ ਉਪਲਬਧ ਹੁੰਦੀ ਹੈ। ਦੇਸ਼ ਵੰਡ ਦੇ ਦੁਖਾਂਤ ਦੀ ਸਭ ਤੋਂ ਵੱਧ ਪੀੜ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਨੂੰ ਸਹਿਣ ਕਰਨੀ ਪਈ, ਜੋ ਅਜੇ ਤਕ ਪੰਜਾਬੀਆਂ ਦੇ ਚੇਤਨ-ਅਵਚੇਤਨ ਵਿਚ ਜਿੰਦਾ ਹੈ। ਹਥਲੇ ਖੋਜ-ਪੱਤਰ ਦਾ ਮਨੋਰਥ ਦੇਸ਼ ਵੰਡ ਦੀਆਂ ਯਾਦਾਂ ਦਾ ਡਿਜੀਟਲੀਕਰਨ ਦੇ ਸੰਦਰਭ ਵਿਚ ਮੁਤਾਲਿਆ ਕਰਨਾ ਹੈ।

## II

ਵਿਸ਼ਵੀਕਰਨ ਅਤੇ ਡਿਜੀਟਲੀਕਰਨ ਹੋਣ ਨਾਲ ਡਿਜੀਟਲ ਪਲੇਟਫ਼ਾਰਮ ਨੇ ਵੰਡ ਨਾਲ ਸੰਬੰਧਤ ਯਾਦਾਂ ਨੂੰ ਪੂਰੀ ਦੁਨੀਆ ਤਕ ਪ੍ਰਸਾਰਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਪਲੇਟਫ਼ਾਰਮਾਂ ਵਿਚ ਯੂ-ਟਿਊਬ, ਫੇਸਬੁੱਕ, ਇਸਟਾਗ੍ਰਾਮ ਆਦਿ ਉੱਪਰ ਬਣੇ ਚੈਨਲ/ਪੇਜ ਪ੍ਰਮੁੱਖ ਹਨ ਜੋ ਵੰਡ ਨਾਲ ਜੁੜੀਆਂ ਨਿੱਜੀ ਅਤੇ ਸਮੂਹਿਕ ਯਾਦਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹਨ। ਡਿਜੀਟਲ ਮੀਡੀਆ ਦੇ ਸਰੋਤਾਂ ਨੇ ਕੇਵਲ ਵੰਡ ਦੀਆਂ ਯਾਦਾਂ ਨੂੰ ਵਿਸ਼ਵ ਸਾਹਮਣੇ ਪ੍ਰਸਤੁਤ ਹੀ ਨਹੀਂ ਕੀਤਾ ਸਗੋਂ ਯਾਦਾਂ ਨੂੰ ਇਕੱਤਰ ਕਰਕੇ ਸਾਂਭਿਆ ਵੀ ਹੈ। ਅੱਜ ਦੇ ਅਤਿ ਆਧੁਨਿਕ ਦੌਰ ਵਿਚ ਯਾਦਾਂ ਨੂੰ ਦੁਨੀਆ ਤਕ ਪ੍ਰਸਾਰਨ ਕਰਨ ਅਤੇ ਸਾਂਭਣ ਦੇ ਰਵਾਇਤੀ ਢੰਗਾਂ ਨਾਲੋਂ ਵਧੀਆ ਅਤੇ ਜ਼ਿਆਦਾ ਪਹੁੰਚ ਵਾਲਾ ਸਾਧਨ ਸੋਸ਼ਲ ਮੀਡੀਆ ਹੈ। ਇਨ੍ਹਾਂ ਡਿਜੀਟਲ ਸਰੋਤਾਂ ਰਾਹੀਂ ਉਸ ਵਕਤ ਨਾਲ ਜੁੜੀਆਂ ਯਾਦਾਂ ਅਤੇ ਯਾਦਗਾਰਾਂ ਨੂੰ ਦੂਰ-ਦੁਰੇਡੇ ਭਾਵ ਸਮੁੱਚੇ ਵਿਸ਼ਵ ਵਿਚ ਕਿਤੇ ਵੀ ਬੈਠਾ ਮਨੁੱਖ ਵੇਖ ਅਤੇ ਉਸ ਸਮੇਂ ਦੀਆਂ ਸਥਿਤੀਆਂ ਪਰਿਸਥਿਤੀਆਂ ਨੂੰ ਅਨੁਭਵ ਕਰ ਸਕਦਾ ਹੈ।

ਡਿਜੀਟਲ ਪਲੇਟਫ਼ਾਰਮ ਦੇ ਸਾਧਨਾਂ ਵਿਚ ਸਭ ਤੋਂ ਪਾਪੂਲਰ ਸਾਧਨ ਯੂ-ਟਿਊਬ ਹੈ, ਜਿਸ ਦੇ ਹੋਂਦ ਵਿਚ ਆਉਣ ਨਾਲ ਬਹੁਤ ਸਾਰੇ ਦਸਤਾਵੇਜ਼ ਡਿਜੀਟਲ ਤੌਰ ਤੇ ਪ੍ਰਸਾਰਿਤ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਵੀਡੀਓ ਰਿਕਾਰਡਿੰਗ ਜ਼ਰੀਏ ਸਾਂਭਿਆ ਵੀ ਜਾ ਰਿਹਾ ਹੈ। ਯੂ-ਟਿਊਬ ਦੀ ਖੋਜ/ਆਮਦ ਨਾਲ ਇਕ ਬਹੁਤ ਪਾਪੂਲਰ ਕਿੱਤਾ ਇੰਟਰਨੈੱਟ/ਯੂ-ਟਿਊਬ ਵਲੋਗਿੰਗ ਵੀ ਹੋਂਦ ਵਿਚ ਆਉਂਦਾ ਹੈ।

ਵਲੋਗਿੰਗ ਤੋਂ ਭਾਵ ਵੀਡੀਓ ਬਲੋਗਿੰਗ ਤੋਂ ਹੈ। ਇਹ ਇਕ ਪ੍ਰਕਿਰਿਆ ਹੈ ਜਿਸ ਵਿਚ ਲੋਕ ਆਪਣੀ ਜ਼ਿੰਦਗੀ ਦੇ ਅਨੁਭਵਾਂ, ਰੋਜ਼ਾਨਾ ਦੇ ਕੰਮਾਂ ਜਾਂ ਕਿਸੇ ਖ਼ਾਸ ਵਿਸ਼ੇ ਉੱਪਰ ਵੀਡੀਓ ਬਣਾ ਕੇ ਯੂ-ਟਿਊਬ ਚੈਨਲ ਉੱਪਰ ਸਾਂਝਾ ਕਰਦੇ ਹਨ। ਇਹ ਵਿਚਾਰਾਂ, ਯਾਦਾਂ, ਅਨੁਭਵਾਂ ਆਦਿ ਨੂੰ ਪ੍ਰਸਾਰਿਤ ਕਰਨ ਦਾ ਪ੍ਰਭਾਵਸ਼ਾਲੀ ਅਤੇ ਤੇਜ਼ ਮਾਧਿਅਮ ਹੈ। ਕੈਂਬਰਿਜ ਡਿਕਸ਼ਨਰੀ ਵਿਚ ਵਲੋਗਿੰਗ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ:

a video blog:a record of your thoughts, opinions or experiences that you film and publish on the internet[2]

ਵਲੋਗਰ ਨਿੱਜੀ ਜਾਂ ਸਮੂਹਕ ਅਨੁਭਵ, ਵਿਚਾਰਾਂ ਅਤੇ ਸਥਾਨਾਂ ਆਦਿ ਦੀ ਵੀਡੀਓ ਬਣਾ ਕੇ ਯੂ-ਟਿਊਬ ਉੱਪਰ ਪ੍ਰਸਾਰਿਤ ਕਰਦਾ ਹੈ ਅਤੇ ਲੋਕ ਇਸ ਉੱਪਰ ਆਪਣੀ ਪ੍ਰਤੀਕਿਰਿਆ ਵੀ ਦਿੰਦੇ ਹਨ। ਇਸ ਵੀਡੀਓ/ਵਲੋਗ ਦਾ ਸੰਬੰਧ ਨਿੱਜਤਾ ਦੇ ਨਾਲ-ਨਾਲ ਇਤਿਹਾਸਕ ਅਤੇ ਸਭਿਆਚਾਰਕ ਸਥਾਨ ਆਦਿ ਨਾਲ ਵੀ ਹੋ ਸਕਦਾ ਹੈ।

ਆਧੁਨਿਕ ਯੁੱਗ ਵਿਚ ਜਿੱਥੇ ਇੰਟਰਨੈੱਟ ਅਤੇ ਡਿਜੀਟਲ ਮੀਡੀਆ ਨੇ ਵਿਸ਼ਵ ਨੂੰ ਇਕ ਮੁੱਠੀ ਵਿਚ ਬੰਦ ਕਰਕੇ ਪਿੰਡ ਵਿਚ ਤਬਦੀਲ ਕਰ ਦਿੱਤਾ ਹੈ, ਉੱਥੇ ਹੀ ਭਾਰਤ-ਪਾਕਿ ਵੰਡ ਨਾਲ ਸੰਬੰਧਤ ਯਾਦਗਾਰੀ ਸਭਿਆਚਾਰ ਦੇ ਨਵੇਂ ਜ਼ਰੀਏ ਜਾਂ ਮਾਧਿਅਮ ਵਲੋਗਿੰਗ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਮੁਲਕਾਂ ਦੇ ਲੋਕਾਂ ਦੀ ਸਮੂਹਿਕ ਪਛਾਣ, ਇਤਿਹਾਸਕ ਅਤੇ ਸਭਿਆਚਾਰਕ ਪ੍ਰਸ਼ਨਾਂ ਨੂੰ ਮੁੜ ਸੁਰਜੀਤ ਕੀਤਾ ਹੈ।

ਡਿਜੀਟਲ ਪਲੇਟਫ਼ਾਰਮ ਅਤੇ ਖ਼ਾਸ ਤੌਰ ਤੇ ਵਲੋਗਿੰਗ ਦੇ ਆਉਣ ਨਾਲ ਵੰਡ ਦੀਆਂ ਯਾਦਾਂ ਅਤੇ ਇਸ ਨਾਲ ਸਿੱਧੇ ਤੌਰ ਤੇ ਸੰਬੰਧਤ ਇਤਿਹਾਸਕ ਸਥਾਨਾਂ ਨੂੰ ਸਾਂਝਾ ਕਰਨ ਦਾ ਢੰਗ ਬਦਲ ਗਿਆ ਹੈ। ਇਸ ਮਾਧਿਅਮ ਭਾਵ ਵਲੋਗਿੰਗ ਦੁਆਰਾ ਬਣਾਈਆਂ ਵੀਡੀਓ ਵਿਚ ਲੋਕ ਸਿੱਧੇ ਤੌਰ ਤੇ ਆਪਣੇ ਨਿੱਜੀ ਅਨੁਭਵ, ਯਾਦਾਂ ਅਤੇ ਯਾਦਗਾਰਾਂ ਦੇ ਪ੍ਰਸਾਰਨ ਦੇ ਨਾਲ-ਨਾਲ ਕਈ ਵਾਰ ਤਾਂ ਉਹ ਵੰਡ ਵੇਲੇ ਦੀਆਂ ਨਿਸ਼ਾਨੀਆਂ(ਜੋ ਹਾਲੇ ਮੌਜੂਦ ਹਨ) ਦਾ ਸਿੱਧਾ ਪ੍ਰਸਾਰਨ ਕਰਦੇ ਹੋਏ ਉਸ ਦੇ ਇਤਿਹਾਸਕ ਅਤੇ ਸਭਿਆਚਾਰਕ ਪਹਿਲੂਆਂ ਤੋਂ ਵੀ ਜਾਣੂ ਕਰਵਾਉਂਦੇ ਹਨ।

ਇਸ ਪ੍ਰਕਾਰ ਵਲੋਗਿੰਗ ਵਿਚ ਵੰਡ ਨਾਲ ਜੁੜੀਆਂ ਯਾਦਾਂ, ਕਹਾਣੀਆਂ ਵਿਚ ਕੇਵਲ ਇਤਿਹਾਸਕ ਤੱਥਾਂ ਦਾ ਹੀ ਪ੍ਰਸਾਰਨ ਨਹੀਂ ਹੁੰਦਾ, ਸਗੋਂ ਇਸ ਵਿਚ ਲੋਕਾਂ ਦੇ ਜੀਵਨ ਅਨੁਭਵ ਵੀ ਸ਼ਾਮਲ ਹੁੰਦੇ ਹਨ, ਜੋ ਉਨ੍ਹਾਂ ਨੇ ਜਾਂ ਤਾਂ ਆਪ ਹੰਢਾਏ ਹਨ ਜਾਂ ਆਪਣੇ ਵਡੇਰਿਆਂ ਤੋਂ ਗ੍ਰਹਿਣ ਕੀਤੇ ਹਨ। ਵੰਡ ਦੀ ਦਾਸਤਾਨ ਨੂੰ ਪ੍ਰਸਾਰਿਤ ਕਰਨ ਵਿਚ ਵਲੋਗਿੰਗ ਨੇ ਇਕ ਨਵਾਂ ਪੱਧਰ ਸਥਾਪਤ ਕਰ ਦਿੱਤਾ ਹੈ ਅਤੇ ਕਈ ਅਜਿਹੇ ਸਥਾਨਾਂ ਨੂੰ ਸਾਹਮਣੇ ਲਿਆਂਦਾ ਹੈ, ਜਿੰਨਾ ਦਾ ਇਸ ਤੋਂ ਪਹਿਲਾ ਕਿਤੇ ਲਿਖਤੀ ਇਤਿਹਾਸ ਵਿਚ ਜ਼ਿਕਰ ਵੀ ਨਹੀਂ ਮਿਲਦਾ ਸੀ ਜਾਂ ਇਨ੍ਹਾਂ ਸਥਾਨਾਂ ਬਾਰੇ ਖੋਜ ਅਧੂਰੀ ਸੀ। ਅਜੋਕੇ ਸਮੇਂ ਵਿਚ ਵਲੋਗਿੰਗ ਵੰਡ ਦੀਆਂ ਯਾਦਾਂ ਨੂੰ ਪ੍ਰਸਾਰਿਤ/ਸਾਂਝਾ ਕਰਨ ਅਤੇ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਕਾਰਗਰ ਅਤੇ ਮਨੋਰੰਜਕ ਸਰੋਤ ਹੈ। ਇਸ ਸਰੋਤ ਨਾਲ ਦੇਸ਼ ਵੰਡ ਦੀਆਂ ਵਿਅਕਤੀਗਤ-ਸਮੂਹਿਕ ਜ਼ਬਾਨੀ ਕਹਾਣੀਆਂ, ਸਮੂਹਿਕ ਯਾਦਾਂ ਅਤੇ ਯਾਦਗਾਰਾਂ ਦਾ ਵਿਜ਼ੁਅਲੀਕਰਨ ਹੋ ਰਿਹਾ ਹੈ।

**III**

ਭਾਰਤ-ਪਾਕਿਸਤਾਨ ਨਾਲ ਸੰਬੰਧਤ ਯਾਦਗਾਰੀ ਸਭਿਆਚਾਰ ਨੂੰ ਪ੍ਰਸਤੁਤ ਕਰਨ ਵਾਲੇ ਵਲੋਗਰਾਂ ਵਿਚ ਸਭ ਤੋਂ ਮਸ਼ਹੂਰ ਵਲੋਗਰ ਨਾਸਿਰ ਢਿੱਲੋਂ ਹੈ, ਜਿਸ ਨੇ ਯੂ-ਟਿਊਬ ਉੱਪਰ ਆਪਣਾ ਚੈਨਲ ਹੀ ਵੰਡ ਦੇ ਦੁਖਾਂਤ ਅਤੇ ਉਸ ਸਮੇਂ ਆਪਣਿਆਂ ਤੋਂ ਵਿੱਛੜੇ ਲੋਕਾਂ ਨੂੰ ਮਿਲਾਉਣ ਲਈ ਬਣਾਇਆ ਹੈ। ਉਹ ਆਪਣੇ ਚੈਨਲ ਦੀ ਵਾਲ ਤੇ ਆਪਣਾ ਮਕਸਦ ਲਿਖ ਕੇ ਸਪਸ਼ਟ ਕਰ ਦਿੰਦਾ ਹੈ ਕਿ ਉਸ ਦਾ ਚੈਨਲ ਸ਼ੁਰੂ ਕਰਨ ਦਾ ਮੁੱਖ ਮਕਸਦ ਵੰਡ ਦੌਰਾਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਵਿੱਛੜੇ ਹੋਏ ਲੋਕਾਂ ਨੂੰ ਫਿਰ ਤੋਂ ਮਿਲਾ ਕੇ ਭਾਈਚਾਰਕ ਅਤੇ ਸਮਾਜਕ ਸਾਂਝ ਨੂੰ ਦੁਬਾਰਾ ਸੁਰਜੀਤ ਕਰਨਾ ਹੈ।

> ਪੰਜਾਬੀ ਲਹਿਰ ਚੈਨਲ 1947 ਈ. ਦੀ ਵੰਡ ਨਾਲ ਪੈਦਾ ਹੋਏ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੋਕਾਂ ਦਰਮਿਆਨ ਪਾੜੇ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜ਼ਿਆਦਾਤਰ ਲੋਕ ਆਪਣੇ ਜਨਮ ਸਥਾਨ ਨੂੰ ਵੇਖਣ ਅਤੇ ਆਪਣੇ ਬਚਪਨ ਦੇ ਦੋਸਤਾਂ ਨੂੰ ਮਿਲਣ ਦੀ ਅਧੂਰੀ ਇੱਛਾ ਨਾਲ ਅਕਾਲ ਚਲਾਣਾ ਕਰ ਗਏ ਹਨ। ਪੰਜਾਬੀ ਲਹਿਰ ਚੈਨਲ ਵੰਡ ਦਾ ਹੱਡੀ ਦੁਖਾਂਤ ਹੰਢਾ ਚੁੱਕੇ ਬਾਕੀ ਬਚੇ ਪੰਜਾਬੀਆਂ ਦੀ ਇੱਛਾ ਨੂੰ ਪੂਰਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਅਗਲੇ ਕੁਝ ਸਾਲਾਂ ਤਕ ਧਰਤੀ ਤੋਂ ਚਲੇ ਜਾਣਗੇ। ਯੂ-ਟਿਊਬ ਦਾ ਇਹ ਚੈਨਲ ਆਪਣੇ ਮਾਧਿਅਮ ਰਾਹੀਂ ਪਿਆਰ ਅਤੇ ਸਹਿਯੋਗ ਦਾ ਸੰਦੇਸ਼ ਫੈਲਾ ਰਿਹਾ ਹੈ। ਤੁਹਾਡੇ ਸਮਰਥਨ ਨਾਲ ਸੰਚਾਰ, ਪਿਆਰ ਅਤੇ ਸਦਭਾਵਨਾ ਲਈ ਵਾਤਾਵਰਣ ਬਣਾਉਣ ਦੀ ਸਾਡੀ ਹਮੇਸ਼ਾ ਕੋਸ਼ਿਸ਼ ਰਹੇਗੀ।[3]

ਨਾਸਿਰ ਢਿੱਲੋਂ ਨੇ ਆਪਣੇ ਯੂ-ਟਿਊਬ ਚੈਨਲ ਪੰਜਾਬੀ ਲਹਿਰ ਜ਼ਰੀਏ ਵੰਡ ਨਾਲ ਸੰਬੰਧਤ ਲੋਕਾਂ ਦੀਆਂ ਕਹਾਣੀਆਂ, ਸਥਾਨਾਂ ਅਤੇ ਯਾਦਾਂ ਨੂੰ ਵਿਉਜਲ ਕਰਨ ਦਾ ਯਤਨ ਕੀਤਾ ਹੈ। ਨਾਸਿਰ ਢਿੱਲੋਂ ਦੁਆਰਾ ਪੰਜਾਬੀ ਲਹਿਰ ਚੈਨਲ 23 ਨਵੰਬਰ 2013 ਈ. ਨੂੰ ਵੰਡ ਦੇ ਦਰਦਾਂ ਨੂੰ ਭਰਨ ਲਈ ਬਣਾਇਆ ਸੀ, ਪਰ ਉਹ ਵਲੋਗਿੰਗ ਦਾ ਕਾਰਜ 2016 ਈ. ਵਿਚ ਆਪਣੇ ਦੋਸਤ ਭੁਪਿੰਦਰ ਸਿੰਘ ਲਵਲੀ ਨਾਲ ਮਿਲ ਕੇ ਕਰਦਾ ਹੈ। ਇਸ ਸਮੇਂ 155,287,604 ਵੇਖਣ ਵਾਲੇ 8.17 ਲੱਖ ਸਬਸਕਰਾਈਬਰ ਅਤੇ ਉਹ ਹੁਣ ਤੱਕ 1832 ਵਿਡੀਓ ਚੈਨਲ ਉੱਪਰ ਪ੍ਰਸਾਰਿਤ ਕਰ ਚੁੱਕਾ ਹੈ।

ਬੀਬੀ ਸੀ ਪੰਜਾਬੀ ਨੂੰ ਦਿੱਤੀ ਇਕ ਇੰਟਰਵਿਊ ਵਿਚ ਨਾਸਿਰ ਢਿੱਲੋਂ ਦੱਸਦਾ ਹੈ ਕਿ ਉਸ ਨੇ ਆਪਣੇ ਪਰਿਵਾਰ ਦੀ ਇੱਛਾ ਤੋਂ ਪ੍ਰਭਾਵਿਤ ਹੋ ਕੇ ਇਸ ਪਲੇਟਫ਼ਾਰਮ ਦਾ ਆਗਾਜ਼ ਕੀਤਾ ਸੀ। ਉਸ ਅਨੁਸਾਰ ਉਸ ਦਾ ਪਰਿਵਾਰ ਅੰਮ੍ਰਿਤਸਰ ਜ਼ਿਲ੍ਹੇ(ਮੌਜੂਦਾ ਜ਼ਿਲ੍ਹਾ ਤਰਨ-ਤਾਰਨ) ਦੇ ਪਿੰਡ ਪੰਜਵੜ ਨਾਲ ਸੰਬੰਧਤ ਹੈ। ਉਸ ਦਾ ਬਾਪ ਅਤੇ ਦਾਦਾ ਪਾਕਿਸਤਾਨ ਵਿਚ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਹੋਏ ਵੀ ਆਪਣੇ ਪਿੰਡ ਨੂੰ ਯਾਦ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਆਪਣੀ ਮਿੱਟੀ ਪ੍ਰਤੀ ਖਿੱਚ ਨੇ ਮੈਨੂੰ ਪੰਜਾਬੀ ਲਹਿਰ ਨਾਮਕ ਯੂ-ਟਿਊਬ ਚੈਨਲ ਬਣਾਉਣ ਲਈ ਮਜਬੂਰ ਕਰ ਦਿੱਤਾ।

ਪੰਜਾਬੀ ਲਹਿਰ ਚੈਨਲ ਦੁਆਰਾ ਪ੍ਰਸਾਰਿਤ ਕੀਤੇ ਜਾ ਰਹੇ ਵਲੋਗ ਜਿੱਥੇ ਲਹਿੰਦੇ ਪੰਜਾਬ ਦੇ ਸਭਿਆਚਾਰ ਨੂੰ ਪ੍ਰਸਤੁਤ ਕਰ ਰਿਹਾ ਹੈ ਉੱਥੇ ਹੀ ਵੰਡ ਦੇ ਯਾਦਗਾਰੀ ਸਭਿਆਚਾਰ ਦਾ ਸੰਚੈ ਕਰਨ ਦੇ ਨਾਲ-ਨਾਲ ਉਸ ਦਾ ਵਿਸ਼ਵ ਪੱਧਰ ਉੱਪਰ ਪ੍ਰਸਾਰਨ ਵੀ ਕਰ ਰਿਹਾ ਹੈ। ਨਾਸਿਰ ਦੁਆਰਾ ਕੀਤਾ ਜਾ ਰਿਹਾ ਇਹ ਕਾਰਜ ਨੌਜਵਾਨ ਪੀੜ੍ਹੀ ਨੂੰ ਵੰਡ ਦੇ ਦਰਦਨਾਕ ਇਤਿਹਾਸ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਵਿਰਾਸਤ ਨਾਲ ਜੋੜ ਰਿਹਾ ਹੈ।

ਨਾਸਿਰ ਢਿੱਲੋਂ ਦੁਆਰਾ ਯੂ-ਟਿਊਬ ਚੈਨਲ ਪੰਜਾਬੀ ਲਹਿਰ ਜ਼ਰੀਏ ਕੀਤੀ ਜਾ ਰਹੀ ਵਲੋਗਿੰਗ ਵਿਚ ਵੰਡ ਦੇ ਇਤਿਹਾਸ ਨਾਲ ਸਿੱਧੇ-ਅਸਿੱਧੇ ਢੰਗ ਨਾਲ ਪ੍ਰਭਾਵਿਤ ਲੋਕਾਂ ਦੀਆਂ ਵਾਰਤਾ ਨੂੰ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਹ ਵਾਰਤਾ ਲੋਕਾਂ ਦੇ ਆਪਣਿਆਂ ਤੋਂ ਵਿਛੜਣ ਦੇ ਦੁਖਾਂਤ ਅਤੇ ਉਨ੍ਹਾਂ ਨੂੰ ਮਿਲਣ

ਦੀ ਇੱਛਾ/ਚਾਹਤ ਨੂੰ ਦਰਸਾਉਣ ਦੇ ਨਾਲ-ਨਾਲ ਡਿਜੀਟਲ ਰਿਕਾਰਡ ਦਾ ਭਾਗ ਵੀ ਬਣ ਰਹੀਆਂ ਹਨ। ਵੰਡ ਦੇ ਦਰਦ/ਯਾਦਾਂ ਨੂੰ ਪੇਸ਼ ਕਰਦੇ ਢਿੱਲੋਂ ਦੇ ਵਲੋਗ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਵਿਚ ਸਮਾਜਕ ਅਤੇ ਸਭਿਆਚਾਰਕ ਸਾਂਝ ਦੁਬਾਰਾ ਤੋਂ ਸੁਰਜੀਤ ਕਰਨ ਵਿਚ ਸਹਾਇਕ ਹੋ ਰਹੇ ਹਨ।

ਨਾਸਿਰ ਢਿੱਲੋਂ ਨੇ ਵੰਡ ਦੀਆਂ ਯਾਦਾਂ ਅਤੇ ਦੁਖਾਂਤ ਨੂੰ ਅਜੋਕੇ ਸਮੇਂ ਵਿਚ ਆਧੁਨਿਕ ਤਰੀਕੇ ਨਾਲ ਪ੍ਰਸਤੁਤ ਹੀ ਨਹੀਂ ਕੀਤਾ ਸਗੋਂ ਉਸ ਨੇ ਵੰਡ ਦੀਆਂ ਯਾਦਾਂ ਨੂੰ ਡਿਜੀਟਲ ਰੂਪ ਵੀ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਆਪਣੇ ਚੈਨਲ ਰਾਹੀਂ ਵੰਡ ਕਾਰਨ ਵਾਪਰੇ ਦੁਖਾਂਤ ਨੂੰ ਸਮੁੱਚੇ ਸੰਸਾਰ ਸਾਹਮਣੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਉਸ ਦੁਆਰਾ ਵੰਡ ਦੇ ਦੁਖਾਂਤ ਨਾਲ ਸੰਬੰਧਤ ਲੋਕਾਂ ਦੀਆਂ ਕਹਾਣੀਆਂ, ਨਿਸ਼ਾਨੀਆਂ ਅਤੇ ਸਥਾਨਾਂ ਦੇ ਪ੍ਰਸਤੁਤੀਕਰਨ ਨੇ ਦੋਵਾਂ ਪੰਜਾਬਾਂ ਦੇ ਬਾਸ਼ਿੰਦਿਆਂ ਵਿਚ ਮਿਲਣ ਦੀ ਇਕ ਚੀਸ ਭਰ ਦਿੱਤੀ ਹੈ। ਉਸ ਦੇ ਵਲੋਗ ਦੇਖ ਕੇ ਚੜ੍ਹਦੇ ਪੰਜਾਬ ਦਾ ਹਰੇਕ ਵਾਸੀ ਲਹਿੰਦੇ ਪੰਜਾਬ ਦੇ ਵੰਡ ਨਾਲ ਜੁੜੇ ਸਾਰੇ ਸਥਾਨ(ਪਿੰਡ, ਸ਼ਹਿਰ, ਧਾਰਮਿਕ ਸਥਾਨ) ਦੇਖਣਾ ਚਾਹੁੰਦਾ ਹੈ।

**IV**

ਨਾਸਿਰ ਢਿੱਲੋਂ ਵੱਲੋਂ ਯੂ-ਟਿਊਬ ਚੈਨਲ ਪੰਜਾਬੀ ਲਹਿਰ ਉੱਤੇ ਕੀਤੀ ਜਾ ਰਹੀ ਵਲੋਗਿੰਗ ਦਾ ਅਧਿਐਨ ਭਾਰਤ-ਪਾਕਿਸਤਾਨ ਵੰਡ ਦੇ ਯਾਦਗਾਰੀ ਸਭਿਆਚਾਰ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ। ਉਸ ਦੁਆਰਾ ਵਲੋਗ ਰਾਹੀਂ ਪ੍ਰਸਤੁਤ ਵੰਡ ਦੀਆਂ ਕਹਾਣੀਆਂ ਅਤੇ ਦਸਤਾਵੇਜ਼ੀ ਵੀਡੀਓਜ਼ ਸਿਰਫ਼ ਵੰਡ ਦੇ ਇਤਿਹਾਸ ਨੂੰ ਹੀ ਸਾਂਝਾ ਨਹੀਂ ਕਰਦੀਆਂ, ਸਗੋਂ ਵੱਖਰੇ ਹੋ ਚੁੱਕੇ ਸਮਾਜਾਂ(ਲਹਿੰਦਾ ਅਤੇ ਚੜ੍ਹਦਾ ਪੰਜਾਬ) ਵਿਚਕਾਰ ਜਜ਼ਬਾਤੀ ਪੁਲ ਨੂੰ ਵੀ ਦੁਬਾਰਾ ਸਿਰਜਣ ਦੀ ਕੋਸ਼ਿਸ਼ ਕਰਦੀਆਂ ਵਿਖਾਈ ਦਿੰਦੀਆਂ ਹਨ। ਨਾਸਿਰ ਦੇ ਵਲੋਗਾਂ ਅਧਿਐਨ ਕਰਨ ਤੋਂ ਨਜ਼ਰ ਆਉਂਦਾ ਹੈ ਕਿ ਉਹ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਵੰਡ ਨਾਲ ਸੰਬੰਧਤ ਸਾਂਝੇ ਯਾਦਗਾਰੀ ਸਭਿਆਚਾਰ ਨੂੰ ਉਸਾਰਨ ਵਿਚ ਯੋਗਦਾਨ ਪਾ ਰਿਹਾ ਹੈ। ਉਸ ਦੁਆਰਾ ਕੀਤੀ ਜਾ ਰਹੀ ਵਲੋਗਿੰਗ ਦਾ ਵੰਡ ਨਾਲ ਸੰਬੰਧਤ ਯਾਦਗਾਰੀ ਸਭਿਆਚਾਰ ਦਾ ਪ੍ਰਵਚਨ ਦੇ ਸੰਦਰਭ ਤੋਂ ਮੁਤਾਲਿਆ ਕਰਨ ਉਪਰੰਤ ਹੇਠ ਲਿਖੇ ਪੱਖ ਸਾਹਮਣੇ ਆਉਂਦੇ ਹਨ-

**ਦੇਸ਼ ਵੰਡ ਨਾਲ ਸੰਬੰਧਤ ਯਾਦਾਂ ਪ੍ਰਸਤੁਤੀਕਰਨ**

ਨਾਸਿਰ ਢਿੱਲੋਂ ਆਪਣੇ ਵਲੋਗਾਂ ਰਾਹੀਂ ਉਹਨਾਂ ਲੋਕਾਂ ਦੀਆਂ ਕਹਾਣੀਆਂ ਨੂੰ ਪ੍ਰਸਤੁਤ ਕਰਦਾ ਹੈ, ਜੋ 1947 ਦੀ ਵੰਡ ਦੇ ਦੁਖਾਂਤ ਦੌਰਾਨ ਆਪਣਾ ਘਰ-ਵਤਨ ਛੱਡਣ ਲਈ ਮਜਬੂਰ ਹੋਏ ਸਨ। ਉਸ ਦੇ ਵਲੋਗਾਂ ਦੀਆਂ ਕਹਾਣੀਆਂ ਦਾ ਮੁੱਖ ਮਕਸਦ ਵੰਡ ਦੌਰਾਨ ਵਿੱਛੜੇ ਹੋਏ ਪਰਿਵਾਰਾਂ ਅਤੇ ਉਨ੍ਹਾਂ ਦੇ ਮੈਂਬਰਾਂ ਨੂੰ ਖੋਜਣ ਅਤੇ ਮੁੜ ਮਿਲਾਉਣ ਦੀ ਕੋਸ਼ਿਸ ਕਰਨਾ ਹੈ, ਜਿਸ ਵਿਚ ਉਹ ਕਾਫੀ ਹੱਦ ਤੱਕ ਸਫਲ ਵੀ ਹੋ ਰਿਹਾ ਹੈ। ਵਲੋਗਾਂ ਰਾਹੀਂ ਜਿੱਥੇ ਉਹ ਸਾਂਝੇ ਪੰਜਾਬ ਦੇ ਸਥਾਨ, ਕਹਾਣੀ ਆਦਿ ਦਾ ਪ੍ਰਸਾਰਨ ਕਰ ਰਿਹਾ ਉੱਥੇ ਹੀ ਉਹ ਵੰਡ ਦੀਆਂ ਵਿਅਕਤੀਗਤ ਅਤੇ ਸਮੂਹਕ ਯਾਦਾਂ ਨੂੰ ਡਿਜੀਟਲ ਰੂਪ ਵਿਚ ਰੂਪਾਂਤਰਿਤ ਕਰਕੇ ਸਾਂਭਣ ਦਾ ਕਾਰਜ ਵੀ ਕਰ ਰਿਹਾ ਹੈ, ਜੋ ਅਕਸਰ ਰਾਜਸੀ ਏਜੰਡਿਆਂ/ਹਿੱਤਾਂ ਦੇ ਕਾਰਨ ਦੱਬੀਆਂ ਜਾਂ ਭੁੱਲਾਂ ਦਿੱਤੀਆਂ ਜਾਂਦੀਆਂ ਹਨ।

**ਧਾਰਮਿਕ ਅਤੇ ਸਭਿਆਚਾਰਕ ਸਾਂਝ ਦੇ ਪ੍ਰਤੀਕ ਸਥਾਨਾਂ ਦੀ ਪੇਸ਼ਕਾਰੀ**

ਨਾਸਿਰ ਢਿੱਲੋਂ ਵਲੋਗਾਂ ਰਾਹੀਂ ਉਨ੍ਹਾਂ ਵੱਖ-ਵੱਖ ਧਾਰਮਿਕ ਅਤੇ ਇਤਿਹਾਸਕ ਸਥਾਨਾਂ(ਜਿਵੇਂ ਕਿ ਗੁਰਦੁਆਰਿਆਂ ,ਮੰਦਰਾਂ, ਮਜ਼ਾਰਾਂ ਅਤੇ ਪ੍ਰਸਿੱਧ ਵਿਅਕਤੀ) ਜੋ ਦੇਸ਼ ਵੰਡ ਵੇਲੇ ਦੇ ਗਵਾਹ ਹਨ ਦਾ ਪ੍ਰਸਤੁਤੀਕਰਨ ਕਰਦੇ ਅਤੇ ਦਰਸ਼ਕਾਂ ਨੂੰ ਵੀਡੀਓ ਦੇ ਜ਼ਰੀਏ ਵੰਡ ਦੀਆਂ ਨਿਸ਼ਾਨੀਆਂ ਦੀ ਸੈਰ ਕਰਵਾਉਂਦਾ ਹੈ। ਨਾਸਿਰ ਢਿੱਲੋਂ ਇਨ੍ਹਾਂ ਸਥਾਨਾਂ ਰਾਹੀਂ ਭਾਰਤ-ਪਾਕਿਸਤਾਨ ਦੇ ਲੋਕਾਂ ਦੀ ਸਾਂਝ ਸੁਰਜੀਤ ਕਰਨ ਲਈ ਯਤਨਸ਼ੀਲ ਹੈ, ਇਹ ਸਥਾਨ ਦੋਵਾਂ ਮੁਲਕਾਂ ਦੇ ਵਸਨੀਕਾਂ ਦੀ ਸਮਾਜਕ ਅਤੇ ਸਭਿਆਚਾਰਕ ਸਾਂਝ ਦੇ ਕਈ ਸਦੀਆਂ ਤੱਕ ਨਿਸ਼ਾਨ ਰਹੇ ਹਨ। ਜਿਵੇਂ ਪੁਰਾਣੀਆਂ ਹਵੇਲੀਆਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨਾ ਜੋ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੇ ਸਮਾਜਕ ਜੀਵਨ ਦੀਆਂ ਜ਼ਿੰਦਾ ਨਿਸ਼ਾਨੀਆਂ ਹਨ। ਨਾਸਿਰ ਦੇ ਵਲੋਗ ਕੇਵਲ ਇਤਿਹਾਸ ਦੀਆਂ ਯਾਦਾਂ ਨਹੀਂ ਹਨ, ਸਗੋਂ ਭਵਿੱਖ ਲਈ ਵੀ ਇਕ ਪ੍ਰੇਰਨਾ ਵੀ ਹਨ ਕਿ ਧਾਰਮਿਕ ਵੰਡ ਤੋਂ ਉਪਰ ਪੰਜਾਬੀਆਂ ਦੀ ਇਕ ਸਮਾਜਕ, ਸਭਿਆਚਾਰਕ ਅਤੇ ਸਮਾਜਕ ਸਾਂਝ ਅਤੇ ਪਹਿਚਾਣ ਵੀ ਹੈ।

**ਵੰਡ ਦੇ ਦੁਖਾਂਤ ਸਮੇਂ ਵਿੱਛੜਿਆਂ ਨੂੰ ਮਿਲਾਉਣ ਦਾ ਯਤਨ**

ਨਾਸਿਰ ਢਿੱਲੋਂ ਦੀ ਵਲੋਗਿੰਗ ਵਿਚ ਉਹਨਾਂ ਲੋਕਾਂ ਦੇ ਦੁੱਖਾਂ ਨੂੰ ਬਿਆਨ ਕੀਤਾ ਹੈ ਜੋ ਵੰਡ ਦੌਰਾਨ ਆਪਣੇ ਪਰਿਵਾਰ, ਮਿੱਤਰਾਂ ਤੋਂ ਵਿੱਛੜ ਅਤੇ ਸੰਪਤੀਆਂ ਗਵਾ ਬੈਠੇ ਸਨ। ਉਹਨਾਂ ਦੀਆਂ ਕਹਾਣੀਆਂ ਸੁਣਨ ਤੋਂ ਪਤਾ ਲੱਗਦਾ ਹੈ ਕਿ ਦੇਸ਼ ਵੰਡ ਦੇ ਇੰਨੇ ਸਾਲ ਬੀਤਣ ਉਪਰੰਤ ਵੀ ਵੰਡ ਦਾ ਦਰਦ ਜਿਸ ਵਿਚ ਸਮਾਜਕ ਸਭਿਆਚਾਰਕ ਅਤੇ ਮਨੁੱਖਤਾ ਨੁਕਸਾਨ ਹੋਇਆ ਅਜੇ ਵੀ ਜ਼ਿੰਦਾ ਹੈ। ਉਹ ਆਪਣੀਆਂ ਵੀਡੀਓ ਰਾਹੀਂ ਵੰਡ ਦੌਰਾਨ ਵਿੱਛੜੇ ਪਰਿਵਾਰਾਂ, ਭੈਣ-ਭਰਾਵਾਂ, ਦੋਸਤਾਂ ਦੇ ਜਜ਼ਬਾਤਾਂ/ਸੁਨੇਹੇ/ਨਿਸ਼ਾਨੀਆਂ ਅਤੇ ਉਹਨਾਂ ਦੀ ਮਿਲਣ ਦੀ ਤਾਂਘ ਨੂੰ ਸਾਂਝਾ ਕਰਕੇ ਵਿੱਛੜਿਆਂ ਤਕ ਪਹੁੰਚਾਉਣ ਦਾ ਕਾਰਜ ਵੀ ਕਰ ਰਿਹਾ ਹੈ। ਹੁਣ ਤਕ ਨਾਸਿਰ ਢਿੱਲੋਂ ਲਗਭਗ 300 ਦੇ ਕਰੀਬ ਭੈਣ-ਭਰਾਵਾਂ ਅਤੇ ਦੋਸਤਾਂ ਆਦਿ ਨੂੰ ਮਿਲਵਾ ਚੁੱਕਾ ਹੈ। ਜਿਵੇਂ ਬਠਿੰਡਾ ਦੇ ਸਿੱਕਾ ਖ਼ਾਨ ਅਤੇ ਫੈਸਲਾਬਾਦ ਦੇ ਮੁਹੰਮਦ ਸਦੀਕ ਦੋ ਭਰਾਵਾਂ ਦਾ 75 ਸਾਲਾਂ ਬਾਅਦ ਮਿਲਾਪ ਨਾਸਿਰ ਢਿੱਲੋਂ ਦੀ ਬਦੌਲਤ ਹੀ ਸੰਭਵ ਹੋਇਆ ਸੀ। ਇਸ ਤਰ੍ਹਾਂ ਦੀ ਮਿਲਾਪ ਸੰਬੰਧੀ ਹੋਰ ਬਹੁਤ ਸਾਰੀਆਂ ਉਦਾਹਰਨਾਂ ਹਨ; ਜਿਵੇਂ ਹਨੀਫਾਨ ਅਤੇ ਹਾਜਰਾ ਬੀਬੀ ਦੀ ਮੁਲਾਕਾਤ, ਗੁਰਮੇਲ ਸਿੰਘ ਅਤੇ ਉਸ ਦੀ ਭੈਣ ਸਕੀਨਾ ਬੀਬੀ ਦਾ ਮਿਲਾਪ, ਮੁਮਤਾਜ਼ ਬੀਬੀ ਦਾ ਆਪਣੇ ਭਰਾਵਾਂ ਬਲਦੇਵ ਸਿੰਘ ਅਤੇ ਗੁਰਮੁਖ ਸਿੰਘ ਨਾਲ ਮਿਲਾਪ ਆਦਿ। ਨਾਸਿਰ ਢਿੱਲੋਂ ਦੁਆਰਾ ਆਪਣੇ ਯੂ-ਟਿਊਬ

ਵਲੋਗਿੰਗ ਰਾਹੀਂ ਕੀਤਾ ਜਾ ਰਿਹਾ ਇਹ ਕਾਰਜ ਵਿੱਛੜਿਆਂ ਦਾ ਮਿਲਾਪ ਅਤੇ ਵੰਡ ਦੀਆਂ ਅਹਿਮ ਕਹਾਣੀਆਂ, ਨਿਸ਼ਾਨੀਆਂ, ਵਿਅਕਤੀਗਤ ਅਤੇ ਸਮੂਹਿਕ ਯਾਦਾਂ ਦਾ ਪ੍ਰਸਾਰਨ ਯਾਦਗਾਰੀ ਸਭਿਆਚਾਰ ਨੂੰ ਹੋਰ ਮਜ਼ਬੂਤ ਬਣਾ ਰਿਹਾ ਹੈ।

**ਐਨ ਆਰ ਆਈ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦਾ ਯਤਨ**

ਨਾਸਿਰ ਢਿੱਲੋਂ ਦੀ ਵਲੋਗਿੰਗ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਸਾਹਮਣੇ ਵੰਡ ਦੇ ਦਰਦਨਾਕ ਇਤਿਹਾਸ ਨਾਲ ਜੁੜੇ ਵਿਭਿੰਨ ਪਹਿਲੂਆਂ ਨੂੰ ਵੀਜ਼ੂਅਲ ਤਰੀਕੇ ਨਾਲ ਪ੍ਰਸਤੁਤ ਕਰਨ ਦੇ ਨਾਲ-ਨਾਲ ਪਰਵਾਸੀ ਪੰਜਾਬੀ(ਐਨ ਆਰ ਆਈ) ਜੋ ਭਾਰਤ ਅਤੇ ਪਾਕਿਸਤਾਨ ਤੋਂ ਬਾਹਰ ਪੱਕੇ ਤੌਰ ਤੇ ਹੋਰਨਾਂ ਦੇਸ਼ਾਂ ਦੇ ਵਸਨੀਕ ਬਣ ਚੁੱਕੇ ਹਨ ਉਨ੍ਹਾਂ ਨੂੰ ਵੀ ਆਪਣੇ ਪੁਰਾਤਨ ਇਤਿਹਾਸ ਨਾਲ ਜੋੜ ਰਹੀ ਹੈ। ਨਾਸਿਰ ਦੀ ਵਲੋਗਿੰਗ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਐਨ. ਆਰ. ਆਈ. ਪਾਕਿਸਤਾਨ ਸਥਿਤ ਆਪਣੇ ਪੁਰਖਿਆਂ ਦੇ ਪਿੰਡ ਵੇਖਣ ਨੂੰ ਆਕਰਸ਼ਿਤ ਹੁੰਦੇ ਹਨ ਅਤੇ ਵੰਡ ਦੇ ਇਤਿਹਾਸ ਨਾਲ ਸੰਬੰਧਤ ਆਪਣੇ ਪੁਰਖਿਆਂ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਭਾਈਚਾਰਕ ਸਾਂਝ ਦੁਬਾਰਾ ਸੁਰਜੀਤ ਕਰਨ ਦਾ ਯਤਨ ਵੀ ਕਰਦੇ ਹਨ। ਪਰਵਾਸੀਆਂ ਵੱਲੋਂ ਆਪਣੇ ਪੁਰਾਤਨ ਵਿਰਸੇ ਅਤੇ ਯਾਦਗਾਰਾਂ ਨੂੰ ਵੇਖਣ ਲਈ ਆਕਰਸ਼ਿਤ ਹੋਣ ਨਾਲ ਦੋ ਕੌਮਾਂ/ਧਰਮਾਂ ਵਿਚ ਪਰਸਪਰ ਪਿਆਰ/ਮੁਹੱਬਤ ਦੀ ਭਾਵਨਾ ਹੋਰ ਵੱਧ ਰਹੀ ਹੈ।

**ਇਤਿਹਾਸ ਨੂੰ ਸਿਆਸਤ ਤੋਂ ਮੁਕਤ ਕਰਕੇ ਪ੍ਰਸਾਰਨ ਕਰਨ ਦਾ ਯਤਨ**

ਵੰਡ ਨਾਲ ਜੁੜੀਆਂ ਹੋਈਆ ਕਈ ਅਹਿਮ ਅਤੇ ਮਹੱਤਵਪੂਰਨ ਕਹਾਣੀਆਂ ਕਈ ਵਾਰ ਸਿਆਸੀ ਕਾਰਨਾਂ ਕਰਕੇ ਪ੍ਰਸਤੁਤ ਨਹੀਂ ਕੀਤੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਦਬਾ ਦਿੱਤਾ ਜਾਂਦਾ ਹੈ। ਨਾਸਿਰ ਢਿੱਲੋਂ ਨੇ ਅਜਿਹੀਆਂ ਕਹਾਣੀਆਂ ਜੋ ਸਿਆਸਤ ਦੇ ਪ੍ਰਭਾਵ ਕਾਰਨ ਦੱਬੀਆਂ ਸਨ ਉਨ੍ਹਾਂ ਨੂੰ ਆਪਣੀ ਵਲੋਗਿੰਗ ਰਾਹੀਂ ਉਜਾਗਰ ਕੀਤਾ ਹੈ। ਉਹ ਵੰਡ ਦੇ ਦੁਖਾਂਤ ਨਾਲ ਸੰਬੰਧਤ ਥਾਵਾਂ/ਸਥਾਨਾਂ ਉੱਪਰ ਵਲੋਗ ਕਰਦਾ ਹੈ ਅਤੇ ਅਜਿਹੇ ਇਤਿਹਾਸਿਕ ਪਹਿਲੂਆਂ ਨੂੰ ਖੋਜਦਾ ਹੈ ਜਿਨ੍ਹਾਂ ਦੀ ਚਰਚਾ ਕਰਨ ਤੋਂ ਰਾਜਸੀ ਨੇਤਾ ਅਤੇ ਸਰਕਾਰਾਂ ਘਬਰਾਉਂਦੀਆਂ ਹਨ। ਉਹ ਆਪਣੀ ਵਲੋਗਿੰਗ ਵਿਚ ਇਨ੍ਹਾਂ ਰਾਜਸੀ ਰੁਕਾਵਟਾਂ ਨੂੰ ਖ਼ਤਮ ਕਰਦਾ ਹੋਇਆ ਇਤਿਹਾਸ ਦੇ ਦੱਬੇ ਹੋਏ ਹਿੱਸਿਆਂ ਨੂੰ ਦੁਬਾਰਾ ਉਜਾਗਰ ਕਰਦਾ ਹੈ, ਜੋ ਯਾਦਗਾਰੀ ਸਭਿਆਚਾਰ ਦਾ ਇਕ ਅਹਿਮ ਹਿੱਸਾ ਹਨ।

**ਸਾਂਝੇ ਅਤੇ ਸਰਹੱਦਾਂ ਰਹਿਤ ਪੰਜਾਬ ਨੂੰ ਸਿਰਜਣ ਦੀ ਕਲਪਨਾ ਅਤੇ ਯਤਨ**

ਨਾਸਿਰ ਢਿੱਲੋਂ ਦੀ ਵਲੋਗਿੰਗ ਦੋਵਾਂ ਪੰਜਾਬਾਂ ਦੇ ਲੋਕਾਂ ਵਿਚ ਭਾਵਨਾਤਮਕ ਸਾਂਝ ਪੈਦਾ ਕਰਨ ਦਾ ਯਤਨ ਕਰਦੀ ਵਿਖਾਈ ਦਿੰਦੀ ਹੈ। ਉਸ ਦੀ ਇਹ ਵਲੋਗਿੰਗ ਤੋਂ ਪਤਾ ਲੱਗਦਾ ਹੈ ਕਿ ਰਾਜਸੀ ਸਰਹੱਦਾਂ ਜਾਂ ਬਾਰਡਰ ਦੀਆਂ ਹੱਦਾਂ ਨਾਲ ਪਿੰਡਾਂ ਅਤੇ ਪਰਿਵਾਰਾਂ ਦੇ ਰਿਸ਼ਤੇ ਸਮਾਪਤ ਨਹੀਂ ਹੋਏ। ਉਹ ਸਾਂਝ ਅਤੇ ਭਾਈਚਾਰਾ ਚੇਤਨ ਅਵਚੇਤਨ ਵਿਚ ਅਜੇ ਜਿੰਦਾ ਹੈ। ਉਸ ਦੀ ਵਲੋਗਿੰਗ ਨੇ ਸੰਸਾਰ ਭਰ ਵਿਚ ਇਕ ਨਵਾਂ ਦ੍ਰਿਸ਼ਟੀਕੋਣ ਪੈਦਾ ਕੀਤਾ ਹੈ ਕਿ ਦੋਵਾਂ ਪੰਜਾਬਾਂ ਦੇ ਵਸਨੀਕਾਂ ਦਾ ਪਿਛੋਕੜ/ਵਿਰਸਾ ਸਭਿਆਚਾਰ ਸਾਂਝਾਂ ਅਤੇ ਇਕ ਹੈ ਭਾਵੇਂ ਕਿ ਰਾਜਸੀ ਹੱਦਾਂ ਸਰਹੱਦਾਂ ਨੇ ਲੋਕਾਂ ਨੂੰ ਪਿਛੋਕੜ ਅਤੇ ਸਮਾਜਕ ਸਭਿਆਚਾਰਕ ਸਾਂਝ ਨਾਲੋਂ ਤੋੜਿਆ ਹੈ। ਨਾਸਿਰ ਢਿੱਲੋਂ ਦੀ ਵਲੋਗਿੰਗ ਵੰਡ ਦੇ ਯਾਦਗਾਰੀ ਸਭਿਆਚਾਰ ਨੂੰ ਸਰਹੱਦਾਂ ਦੇ ਬੰਨ੍ਹ ਤੋਂ ਪਰੇ ਪੂਰੇ ਵਿਸ਼ਵ ਵਿਚ ਵਿਸਥਾਰਿਤ ਹੀ ਨਹੀਂ ਕਰਦੀ ਸਗੋਂ ਸਰਹੱਦਾਂ ਰਹਿਤ ਸਾਂਝੇ ਪੰਜਾਬ ਨੂੰ ਦੁਬਾਰਾ ਸਿਰਜਣ ਦੀ ਕਲਪਨਾ ਕਰਨ ਦੇ ਨਾਲ ਯਤਨਸ਼ੀਲ ਵੀ ਹੈ।

**ਵੰਡ ਦੀਆਂ ਜ਼ੁਬਾਨੀ ਕਹਾਣੀਆਂ ਦਾ ਡਿਜੀਟਲ ਰੂਪਾਂਤਰਿਤ**

1947 ਈ. ਦੀ ਵੰਡ ਦੇ ਦੌਰਾਨ ਵਾਪਰੀਆਂ ਬਹੁਤ ਸਾਰੀਆਂ ਘਟਨਾਵਾਂ ਅਜੇ ਵੀ ਲੋਕਾਂ ਨੇ ਮੂੰਹ-ਜ਼ੁਬਾਨੀ ਜ਼ਿਹਨ ਵਿਚ ਸਾਂਭੀਆਂ ਹੋਈਆਂ ਹਨ। ਨਾਸਿਰ ਢਿੱਲੋਂ ਨੇ ਇਨ੍ਹਾਂ ਅਣਕਹੀਆਂ ਮੂੰਹ-ਜ਼ਬਾਨੀ ਕਹਾਣੀਆਂ ਨੂੰ ਰਿਕਾਰਡ ਕਰਕੇ ਉਨ੍ਹਾਂ ਦਾ ਡਿਜੀਟਲ ਰੂਪਾਂਤਰਿਤ ਕਰ ਦਿੱਤਾ ਹੈ। ਇਸ ਨਾਲ ਵੰਡ ਦੇ ਦੁਖਾਂਤ ਨਾਲ ਜੁੜੇ ਲੋਕ ਆਪਣੇ ਦੁੱਖਾਂ-ਤਕਲੀਫ਼ਾਂ ਅਤੇ ਯਾਦਾਂ ਨੂੰ ਕੈਮਰੇ ਜ਼ਰੀਏ ਸਾਂਝਾ ਕਰਕੇ ਆਪਣਾ ਮਨ ਹਲਕਾ ਮਹਿਸੂਸ ਕਰਦੇ ਹਨ, ਉੱਥੇ ਹੀ ਇਤਿਹਾਸਕ ਯਾਦਾਂ ਦੇ ਡਿਜੀਟਲੀ ਕਰਨ ਹੋਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ/ਵਿਰਸੇ ਦੇ ਦਰਸ਼ਨ ਵੀ ਹੁੰਦੇ ਰਹਿਣਗੇ।

ਸੋ ਇਸ ਤਰ੍ਹਾਂ ਨਾਸਿਰ ਢਿੱਲੋਂ ਦੀ ਵਲੋਗਿੰਗ ਭਾਰਤ-ਪਾਕਿਸਤਾਨ ਵੰਡ ਦੇ ਯਾਦਗਾਰੀ ਸਭਿਆਚਾਰ ਨੂੰ ਸਮਝਣ ਦਾ ਇਕ ਮਹੱਤਵਪੂਰਨ ਮਾਧਿਅਮ ਬਣ ਰਿਹਾ ਹੈ। ਉਹ ਆਪਣੇ ਇਸ ਕਾਰਜ ਰਾਹੀਂ ਸਮਾਜਾਂ ਵਿਚ ਇਕ ਵਿਸ਼ਵਾਸ ਜਗਾਉਂਦੇ ਹਨ ਕਿ ਇਤਿਹਾਸ ਨੂੰ ਦਬਾਉਣ ਦੀ ਬਜਾਏ ਸਾਂਝਾ ਕਰਕੇ ਚੰਗੇ ਸੰਬੰਧ ਬਣਾਏ ਜਾ ਸਕਦੇ ਹਨ। ਉਸ ਦੀ ਵਲੋਗਿੰਗ ਕੇਵਲ ਵੰਡ ਦੀਆਂ ਯਾਦਾਂ ਨੂੰ ਸੰਭਾਲ ਹੀ ਨਹੀਂ ਰਹੀ, ਸਗੋਂ ਭਵਿੱਖ ਵਿਚ ਦੋਵਾਂ ਦੇਸ਼ਾਂ ਦੇ ਸ਼ਾਂਤੀਪੂਰਨ ਸੰਬੰਧਾਂ ਦੀ ਸੰਭਾਵਨਾ ਨੂੰ ਵੀ ਉਭਾਰ ਰਹੀ ਹੈ। ਨਾਸਿਰ ਢਿੱਲੋਂ ਦੀ ਵਲੋਗਿੰਗ ਕਾਰਨ ਦੋਵਾਂ ਪੰਜਾਬਾਂ ਦੇ ਲੋਕਾਂ ਵਿਚ ਮੁਹੱਬਤ ਅਤੇ ਭਾਈਚਾਰਕ ਸਾਂਝ ਪੁਨਰ ਸੁਰਜੀਤ ਹੋ ਰਹੀ ਅਤੇ ਦੋਵਾਂ ਦੇਸ਼ਾਂ ਦੀ ਅਵਾਮ ਇਕ-ਦੂਜੇ ਦੇ ਨੇੜੇ ਆ ਰਹੀ ਹੈ।

## ਹਵਾਲੇ ਅਤੇ ਟਿੱਪਣੀਆਂ :

1. https://www.punjabi-kavita.com/Lammian-Vatan-Amrita-Pritam.php

2. https://dictionary.cambridge.org/dictionary/english/vlog?q=vlogging#google_vignette

3. Punjabi Lehar is endeavoring to bridge a gap between the people of East and West Punjab, created by the partition of 1947. Most of the people have passed away with an unfulfilled ardent desire in their heart, to see their birth place and meet their childhood friends. Punjabi Lehar is attempting to fufil the desire of remaining partition era punjabis, who will be gone in the next five to seven years. Punjabi Lehar, through its medium is spreading the message of love and cooperation. With your support, It will always be our endeavor to create an environment for communication, love and harmony. **Punjabi Lehar - you tube**